# ਸਾਹਿਤ ਚੋਰੀ

## ਹਮੇਸ਼ਾ ਆਪਣੇ ਅਧਿਆਪਕ ਤੋਂ ਪੁੱਛੋ:

–ਤੁਹਾਡੇ ਸਕੂਲ ਦੀ ਸਾਹਿਤ ਚੋਰੀ ਦੀ ਪਰਿਭਾਸ਼ਾ ਕੀ ਹੈ।

–ਮੂਲ ਰਚਨਾਵਾਂ ਨੂੰ ਮਾਣ ਕਿਵੇਂ ਦਿੱਤਾ ਜਾਂਦਾ ਹੈ।

–ਕੀ ਤੁਹਾਨੂੰ ਅੰਤਮ ਪ੍ਰੋਜੇਕਟ ਦੇ ਨਾਲ ਨਾਲ ਆਪਣੇ ਨੋਟ ਦੇਣੇ ਵੀ ਜਰੂਰੀ ਹਨ।

## ਮੇਰੇ ਦੇਸ਼ ਵਿਚ ਕਿਸੇ ਦੂਸਰੇ ਦੇ ਲਿਖਤੀ ਕੰਮ ਦਾ ਇਸਤੇਮਾਲ ਕਰਨਾ ਸਵੀਕਾਰ ਹੁੰਦਾ ਹੈ। ਇੱਥੇ ਅਜਿਹਾ ਕਿਉਂ ਨਹੀਂ ਹੈ?

ਸਾਹਿਤ ਚੋਰੀ ਦੀ ਪਰਿਭਾਸ਼ਾ ਹਰ ਦੇਸ਼ ਵਿਚ ਵੱਖ - ਵੱਖ ਹੈ। ਕੁਝ ਦੇਸ਼ਾਂ ਵਿਚ ਕਿਸੇ ਦੂਜੇ ਦੇ ਕੰਮ ਦੇ ਇਕ ਪੈਰੇ ਦਾ ਇਸਤੇਮਾਲ ਕਰਨ ਨੂੰ ਗਲਤ ਨਹੀਂ ਸਮਝਿਆ ਜਾਂਦਾ। ਕਈ ਮਾਮਲਿਆਂ ਵਿਚ ਮੂਲ ਚਰਨਾ ਦਾ ਹਵਾਲਾ ਨਾ ਦੇਣਾ ਆਮ ਹੁੰਦਾ ਹੈ ਕਿਉਂ ਕਿ ਇਸਨੂੰ ਸਾਧਾਰਨ ਗਿਆਨ ਸਮਝਿਆ ਜਾਂਦਾ ਹੈ; ਅਤੇ ਇਹ ਸੋਚਣਾ ਕਿ ਅਧਿਆਪਕ ਨੂੰ ਕਿਸੇ ਮੂਲ ਰਚਨਾ ਦੀ ਜਾਣਕਾਰੀ ਜਾਂ ਗਿਆਨ ਨਹੀਂ ਹੈ ਉਸਦੇ ਲਈ ਅਪਮਾਨ ਜਨਕ ਹੋ ਸਕਦਾ ਹੈ।

## ਇਹ ਜਾਣਦੇ ਹੋਏ ਵੀ ਕਿ ਇਹ ਧੋਖੇ ਦਾ ਇਕ ਰੂਪ ਹੈ, ਕੁਝ ਵਿਦਿਆਰਥੀ ਨਕਲ ਕਿਉਂ ਮਾਰਦੇ ਹਨ ?

– ਵਿਦਿਆਰਥੀਆਂ ਦੇ ਉਪਰ ਚੰਗੇ ਨੰਬਰ ਲੈਣ ਦਾ ਦਬਾ ਹੁੰਦਾ ਹੈ ਅਤੇ ਉਹ ਸੋਚਦੇ ਹਨ ਕਿ ਕਿਸੇ ਦੂਜੇ ਦੀ ਰਚਨਾ ਉਹਨਾਂ ਦੀ ਆਪਣੀ ਰਚਨਾ ਤੋਂ ਵਧੀਆ ਹੋਵੇਗੀ ।

– ਉਹ ਵਿਦਿਆਰਥੀ ਜਿਹਨਾਂ ਦੀ ਇੰਗਲਿਸ਼ ਕਮਜ਼ੋਰ ਹੈ ਉਹ ਸੋਚਦੇ ਹਨ ਕਿ ਉਹਨਾਂ ਕੋਲ ਚੰਗੀ ਲਿਖਾਈ ਕਰਨ ਦੀ ਨਿਪੁੰਨਤਾ ਨਹੀਂ ਹੈ।

– ਵਿਦਿਆਰਥੀ ਇਕ ਲੇਖਕ ਨੂੰ ਭਾਲ ਲੈਂਦੇ ਹਨ ਜਿਸਦੇ ਨਾਲ ਉਹ ਸਹਿਮਤ ਹੁੰਦੇ ਹਨ ਅਤੇ ਨਕਲ ਕਰਨਾ ਸੌਖਾ ਮੰਨ ਲੈਂਦੇ ਹਨ।

*ਜੇ ਤੁਸੀਂ ਕਿਸੇ ਹੋਰ ਦੀ ਰਚਨਾ ਦੀ ਵਰਤੋਂ ਕਰ ਰਹੇ ਹੋ ਤਾਂ ਯਾਦ ਰੱਖੋ ਕਿ ਅਧਿਆਪਕ ਨੂੰ ਪਤਾ ਲਗ ਜਾਵੇਗਾ। ਪੇਸ਼ਾਵਰ ਲੇਖਕਾਂ ਦੀ ਸ਼ਬਦਾਵਲੀ ਅਤੇ ਵਾਕ ਬਣਾਵਟ ਇੱਕ ਵਿਦਿਆਰਥੀ ਤੋਂ ਵੱਖਰੀ ਹੁੰਦੀ ਹੈ। ਨਕਲ ਕੀਤੀ ਹੋਈ ਰਚਨਾ ਦੀ ਵਜਾਏ ਤੁਹਾਡੇ ਅਧਿਆਪਕ ਨੂੰ ਤੁਹਾਡੀ ਰਚਨਾ ਮਨਜ਼ੂਰ ਹੋਵੇਗੀ ਭਾਵੇਂ ਉਸ ਵਿਚ ਗਲਤੀਆਂ ਵੀ ਹੋਣ ।*

**“Plagiarism”**

**"ਸਾਹਿਤ ਚੋਰੀ"**

ਇਹ ਬਰੋਸ਼ਰ ਵੈਨਕੂਵਰ ਸਕੂਲ ਬੋਰਡ ਦੇ ਸੈੱਟਲਮੈਂਟ ਵਰਕਰਾਂ ਵੱਲੋਂ ਸਪੌਂਸਰ ਕੀਤੇ ਗਏ ਕਈ ਬਰੋਸ਼ਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਰਚਨਾ ਕੁੱਝ ਈ ਐਸ ਐਲ ਅਧਿਆਪਕਾਂ ਅਤੇ ਵੈਨਕੂਵਰ ਸਕੂਲ ਬੋਰਡ ਦੇ ਮਲਟੀਕਲਚਰਲ ਲੀਏਜ਼ੌਨ ਵਰਕਰਾਂ ਨੇ ਮਿਲ ਕੇ ਕੀਤੀ ਹੈ।

ਅਸੀਂ 'ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕਿਟ ਡਿਵੈਲਪਮੈਂਟ' ਅਤੇ 'ਸਿਟਿਜ਼ਨਸ਼ਿਪ ਐਂਡ ਇਮਿਗ੍ਰੇਸ਼ਨ ਕੈਨੇਡਾ' ਵੱਲੋਂ ਮਿਲੀ ਵਿੱਤੀ ਮਦਦ ਲਈ ਧੰਨਵਾਦੀ ਹਾਂ ।

# ਸਾਹਿਤ ਚੋਰੀ



## ਆਮ ਤੌਰ ਤੇ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ

# ਸਾਹਿਤ ਚੋਰੀ ਜਾਂ ਨਕਲ ਕਰਨਾ

## ਸਾਹਿਤ ਚੋਰੀ ਕੀ ਹੈ ?

ਕੈਨੇਡਾ ਵਿਚ ਸਾਹਿਤ ਚੋਰੀ ਦਾ ਮਤਲਬ ਹੈ ਕਿ ਇਕ ਵਿਦਿਆਰਥੀ ਕਿਸੇ ਦੂਸਰੇ ਦੇ ਵਿਚਾਰਾਂ ਅਤੇ ਸ਼ਬਦਾਂ ਨੂੰ ਆਪਣਾ ਦੱਸ ਕੇ ਮਾਣ ਪ੍ਰਾਪਤ ਕਰ ਰਿਹਾ ਹੈ। ਇਹ ਕਿਸੇ ਹੋਰ ਦੇ ਕੰਮ ਦੀ ਨਕਲ ਕਰਕੇ, ਉਸਦੇ ਆਪਣੇ ਵਿਚਾਰ ਹੋਣ ਦਾ ਵਿਖਾਵਾ ਕਰਨਾ ਹੈ।

## ਉਦਾਹਰਨ ਦੇ ਤੌਰ ਤੇ :

- ਪੂਰਾ ਨਿਬੰਧ ਜਿਸ ਵਿਚ ਇਕ ਇਕ ਸ਼ਬਦ ਦੀ ਨਕਲ ਮਾਰੀ ਹੋਈ ਹੈ।
- ਕਿਸੇ ਮੁੱਢਲੀ ਰਚਨਾ ਨੂੰ ਥੋੜ੍ਹਾ ਜਿਹਾ ਫਰਕ ਪਾ ਕੇ ਜਾਂ ਕੁਝ ਵਾਕਾਂ ਨੂੰ ਬਦਲ ਕੇ ਪੇਸ਼ ਕਰਨਾ।

ਕਿਸੇ ਦੂਜੇ ਵਿਅਕਤੀ ਦੇ ਵਿਚਾਰ, ਆਂਕੜੇ, ਤਸਵੀਰ ਜਾਂ ਜਾਣਕਾਰੀ ਦਾ ਇਸਤੇਮਾਲ ਕਰਨਾ ਤਾਂ ਹੀ ਸਹੀ ਮੰਨਿਆ ਜਾ ਸਕਦਾ ਹੈ ਜੇ ਉਸ ਦਾ ਮਾਣ ਉਸਦੇ ਲੇਖਕ ਜਾਂ ਮੂਲ ਰਚਨਾ ਨੂੰ ਦਿੱਤਾ ਗਿਆ ਹੈ।



## ਵਿਦਿਆਰਥੀ ਸਾਹਿਤ ਚੋਰੀ ਕਿਵੇਂ ਕਰਦੇ ਹਨ?

ਇੰਟਰਨੇਟ ਦੇ ਇਸਤੇਮਾਲ ਨਾਲ ਕਈ ਵਿਦਿਆਰਥੀ ਬਹੁਤ ਛੇਤੀ ਖੋਜ ਸਮਗਰੀ ਲੱਭ ਲੈਂਦੇ ਹਨ ਜਿਸਨੂੰ ਉਹ ਅਸਾਨੀ ਨਾਲ ਨਕਲ ਕਰ ਕੇ ਆਪਣੀ ਲਿਖਾਈ ਵਿਚ ਪਾ ਸਕਦੇ ਹਨ। ਇਸ ਸੱਮਗਰੀ ਦੀ ਮੂਲ ਰਚਨਾ ਦਾ ਜ਼ਿਕਰ ਨਾਂ ਕਰਨਾ ਸਾਹਿਤ ਚੋਰੀ ਮੰਨਿਆ ਜਾਂਦਾ ਹੈ ਅਤੇ ਇਹ ਇਕ ਤਰਾਂ ਦਾ ਧੋਖਾ ਹੈ।

**ਉਦਾਹਰਨ ਦੇ ਤੌਰ ਤੇ :**

- ਵਿਦਿਆਰਥੀ ਵਾਕ ਦੇ ਕੁਝ ਹਿੱਸੇ, ਪੂਰੇ ਪੂਰੇ ਵਾਕ ਜਾਂ ਪ੍ਹੈਰੇ ਵੱਖ-ਵੱਖ ਸਰੋਤਾਂ ਤੋਂ ਇਕੱਠੇ ਕਰ ਕੇ ਆਪਸ ਵਿਚ ਜੋੜ ਦਿੰਦੇ ਹਨ, ਅਤੇ ਵਿਖਾਵਾ ਕਰਦੇ ਹਨ ਕਿ ਇਹ ਉਹਨਾਂ ਦੀ ਆਪਣੀ ਰਚਨਾ ਹੈ।
- ਵਿਦਿਆਰਥੀ ਕਿਸੇ ਦੂਸਰੇ ਦੀ ਸੱਮਗਰੀ ਵਿਚ ਸ਼ਬਦ ਬਦਲ ਕੇ ਜਾਂ ਅੱਗੇ ਪਿੱਛੇ ਕਰ ਕੇ ਦਾਅਵਾ ਕਰਦੇ ਹਨ ਕਿ ਇਹ ਉਹਨਾਂ ਦੀ ਆਪਣੀ ਰਚਨਾ ਹੈ। ਸ਼ਬਦਾਂ ਦੀ ਤਰਤੀਬ ਬਦਲਣ ਨਾਲ ਕੋਈ ਰਚਨਾ ਉਹਨਾਂ ਦੀ ਆਪਣੀ ਨਹੀਂ ਬਣ ਜਾਂਦੀ।
- ਵਿਦਿਆਰਥੀ ਦੂਜੇ ਵਿਅਕਤੀਆਂ ਦੇ ਵਿਚਾਰਾਂ ਅਤੇ ਮੱਤਾਂ ਦਾ ਇਸਤੇਮਾਲ ਬਿਨ੍ਹਾਂ ਉਹਨਾਂ ਨੂੰ ਮਾਨਤਾ ਦਿੱਤੇ ਕਰਦੇ ਹਨ।

## ਮਾਨਤਾ ਦਿੱਤੇ ਵਗੈਰ ਕਦੋਂ ਵਿਚਾਰਾਂ ਨੂੰ ਇਸਤੇਮਾਲ ਕੀਤਾ ਜਾ ਸਕਦਾ ਹੈ?

ਇਹ ਇਕ ਮੁਸ਼ਕਲ ਸਵਾਲ ਹੈ। ਜੇ ਕੋਈ ਵਿਚਾਰ ਆਮ ਹੈ ਜਾਂ ਉਸਨੂੰ ਸਧਾਰਨ ਗਿਆਨ ਮੰਨਿਆ ਜਾਂਦਾ ਹੈ ਤਾਂ ਉਸਨੂੰ ਮਾਨਤਾ ਦੇਣਾ ਜਰੂਰੀ ਨਹੀਂ ਹੈ।

**ਉਦਾਹਰਨ ਦੇ ਤੌਰ ਤੇ:**

- ਚੰਦਰਮਾ ਪ੍ਰਿਥਵੀ ਦਾ ਉਪਗ੍ਰਹਿ ਹੈ।
- ਵੈਨਕੂਵਰ ਇਕ ਭੁਚਾਲੀ ਇਲਾਕੇ ਵਿਚ ਹੈ।

## ਜੇ ਵਿਦਿਆਰਥੀ ਸਾਹਿਤ ਚੋਰੀ ਕਰਦਾ ਫੜਿਆ ਜਾਂਦਾ ਹੈ ਤਾਂ ਕੀ ਹੁੰਦਾ ਹੈ ?

ਉਹਨਾਂ ਨੂੰ ਉਸ ਰਚਨਾ ਤੇ 'ਸਿਫ਼ਰ' ਮਿਲ ਸਕਦਾ ਹੈ ਜਾਂ ਉਹਨਾਂ ਨੂੰ ਪਾਠਕ੍ਰਮ ਤੋਂ ਹਟਾ ਦਿੱਤਾ ਜਾਂਦਾ ਹੈ।

## ਵਿਦਿਆਰਥੀ ਸਾਹਿਤ ਚੋਰੀ ਤੋਂ ਕਿਸ ਤਰਾਂ ਬਚ ਸਕਦਾ ਹੈ?

1. ਆਪਣੇ ਖੋਜ ਕਾਰਜ ਦੇ ਨਾਲ ਨਾਲ ਨੋਟ ਬਣਾਉਂਦੇ ਰਹੋ। ਇਹਨਾਂ ਨੋਟਾਂ ਵਿਚ ਮੁੱਖ ਵਿਚਾਰ ਅਤੇ ਵੇਰਵੇ ਦੀ ਸੂਚੀ ਹੋਣੀ ਚਾਹੀਦੀ ਹੈ। ਰਚਨਾ ਲਿਖਣ ਸਮੇਂ ਇਹਨਾਂ ਨੋਟਾਂ ਨੂੰ ਇਸਤੇਮਾਲ ਕਰੋ। ਆਪਣੇ ਵਿਚਾਰਾਂ ਨੂੰ ਮਜਬੂਤ ਕਰਨ ਲਈ ਮੂਲ ਰਚਨਾ ਵਿਚੋਂ ਫਿਕਰੇ ਦਾ ਇਸਤੇਮਾਲ ਕਰੋ ਨਾ ਕਿ ਉਹਨਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਓ। ਮੂਲ ਰਚਨਾ ਬਾਰੇ ਵੀ ਦੱਸੋ।

2. ਇਸਤੇਮਾਲ ਕੀਤੀਆਂ ਕਿਤਾਬਾਂ, ਸਫਿਆਂ ਅਤੇ ਲੇਖਕਾਂ ਦਾ ਹਿਸਾਬ ਰੱਖੋ। ਇਸਦੇ ਵਿਚ ਕਿਤਾਬਾਂ, ਲੇਖਾਂ, ਵੈੱਬਸਾਇਟਾਂ, ਖਾਕਿਆਂ, ਸਾਰਣੀਆਂ ਆਦਿ ਤੋਂ ਲਈ ਜਾਣਕਾਰੀ ਸ਼ਾਮਿਲ ਹੈ। ਜਰੂਰਤ ਨਾਲੋਂ ਵੱਧ ਲਿਖਣਾ ਬਿਹਤਰ ਹੈ।

3. ਆਪਣੇ ਅਧਿਆਪਕ ਤੋਂ ਪੁੱਛੋ ਕਿ ਮੂਲ ਰਚਨਾਵਾਂ ਨੂੰ ਮਾਣ ਕਿਵੇਂ ਦੇਣਾ ਹੈ। ਆਮ ਤੌਰ ਤੇ ਇਸਦਾ ਮਤਲਬ ਹੁੰਦਾ ਹੈ ਕਿ ਪਗ ਟਿੱਪਣੀ **(footnotes)** ਅਤੇ ਮੂਲ ਰਚਨਾਵਾਂ ਦੀ ਸੂਚੀ **(bibliography)**।

<u>ਪਗ ਟਿੱਪਣੀ **(Footnotes)**</u> - ਕਿਸੇ ਦੂਸਰੇ ਦੀ ਰਚਨਾ ਤੋਂ ਲਏ ਗਏ ਵਾਕਾਂ ਨੂੰ ਮਾਣ ਦੇਣ ਦਾ ਤਰੀਕਾ ।

<u>ਸਰੋਤਾਂ ਦੀ ਸੂਚੀ **( Bibliography)**</u> - ਅੱਖਰ ਕ੍ਰਮ ਦੇ ਹਿਸਾਬ ਨਾਲ ਕਿਤਾਬਾਂ, ਲੇਖਾਂ, ਰਿਸਾਲਿਆਂ, ਵੈੱਬਸਾਈਟਾਂ ਆਦਿ ਦੀ ਸੂਚੀ, ਜਿਨ੍ਹਾਂ ਦਾ ਇਸਤੇਮਾਲ ਜਾਣਕਾਰੀ ਇਕੱਠੀ ਕਰਨ ਲਈ ਕੀਤਾ ਹੈ ।